ਸਮਰੱਥ ਹੋਇਆ ਹੈ।ਮੇਰੀ ਦੁਆ ਹੈ ਕਿ ਉਹ ਇਸੇ ਤਰ੍ਹਾਂ ਇਤਿਹਾਸਕ ਪੁਸਤਕਾਂ ਪਾਠਕਾਂ ਦੀ ਝੋਲੀ ਪਾਉਂਦਾ ਰਹੇ।

ਪ੍ਰੋ.(ਡਾ.)ਕੁਲਦੀਪ ਸਿੰਘ
ਚੇਅਰਪਰਸਨ ਸਤਿਗੁਰੂ ਰਾਮ ਸਿੰਘ ਚੇਅਰ,
ਮੁੱਖੀ ਇਤਿਹਾਸ ਵਿਭਾਗ
ਕੇਂਦਰੀ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ,
ਐਚ. ਆਰ. ਡੀ. ਮੰਤਰਾਲਾ, ਭਾਰਤ ਸਰਕਾਰ

ਇਲਾਵਾ ਲੇਖਕ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਤੋਂ ਬਾਅਦ ਪੈਦਾ ਹੋਈਆਂ ਪ੍ਰਸਥਿੱਤੀਆਂ ਅਤੇ ਐਗਲੋ - ਸਿੱਖ ਯੁੱਧਾਂ ਵਿਚ ਮਜ਼ਬੀ ਸਿੱਖਾਂ ਦੁਆਰਾ ਪਾਏ ਗਏ ਯੋਗਦਾਨ ਦੀ ਬੜੇ ਵਿਸਥਾਰ ਪੂਰਵਕ ਤਰੀਕੇ ਨਾਲ ਚਰਚਾ ਕੀਤੀ ਹੈ।

ਅੰਗਰੇਜ਼ਾਂ ਦੁਆਰਾ ਪੰਜਾਬ ਨੂੰ ਆਪਣੇ ਸਾਮਰਾਜ ਵਿੱਚ ਮਿਲਾਉਣ ਨਾਲ ਪੰਜਾਬ ਦੇ ਪ੍ਰਬੰਧਕੀ, ਰਾਜਨੀਤਕ, ਆਰਥਿਕ, ਸੱਭਿਆਚਾਰਕ ,ਧਾਰਮਿਕ ਅਤੇ ਸਮਾਜਿਕ ਬਣਤਰ ਵਿਚ ਬਹੁਤ ਸਾਰੀਆਂ ਤਬਦੀਲੀਆਂ ਆਉਂਦੀਆਂ ਹਨ। ਨਵੇਂ ਸਾਧਨਾਂ ਨੇ ਇਥੋਂ ਦੀ ਰਵਾਇਤੀ ਪੰਜਾਬੀ ਸੰਰਚਨਾਂ ਨੂੰ ਬਦਲ ਕੇ ਰੱਖ ਦਿੱਤਾ। ਨਵੇਂ ਸੰਚਾਰ ਅਤੇ ਆਵਾਜਾਈ ਦੇ ਸਾਧਨਾਂ, ਨਵੀਂ ਸਿੱਖਿਆ ਨੀਤੀਆਂ ਅਤੇ ਨਵੇਂ ਉਦਯੋਗਾਂ ਦੀ ਸਥਾਪਤੀ ਹੋਣ ਦੇ ਨਾਲ ਮਜ਼ਬੀ ਸਿੱਖਾਂ ਨੂੰ ਤਰੱਕੀ ਦੇ ਨਵੇਂ ਵਸੀਲੇ ਮਿਲੇ, ਜਿਸ ਨਾਲ ਉਨ੍ਹਾਂ ਦਾ ਸਮਾਜਿਕ ਅਤੇ ਆਰਥਿਕ ਪਰਿਵਰਤਨ ਹੋਇਆ। ਇਸ ਬਾਰੇ ਵੀ ਲੇਖਕ ਨੇ ਭਰਪੂਰ ਜਾਣਕਾਰੀ ਦਿੱਤੀ ਹੈ।

ਭਾਵੇਂ ਡਾ. ਮੱਟੂ ਪੰਜਾਬੀ ਵਿਸ਼ੇ ਤੇ ਪੀ .ਐਚ. ਡੀ. ਹਨ ਪਰ ਉਹ ਐਮ.ਏ. ਇਤਿਹਾਸ ਦੇ ਵਿਦਿਆਰਥੀ ਹੋਣ ਕਰਕੇ, ਇਤਿਹਾਸ ਵੱਲ ਵੀ ਰੁਚਿਤ ਹਨ। ਉਨ੍ਹਾਂ ਦੀਆਂ ਪਹਿਲਾਂ ਵੀ 'ਇਤਿਹਾਸ ਵਿੱਚ ਮਜ਼ਬੀ ਸਿੱਖ' ਅਤੇ 'ਸਰਵੇਂ ਪੁਸਤਕ ਡੇਹਰਾ ਬਾਬਾ ਨਾਨਕ' ਆ ਚੁੱਕੀਆਂ ਹਨ। ਇਸ ਪੁਸਤਕ ਵਿੱਚ ਵੀ ਲੇਖਕ ਨੇ ਇਤਿਹਾਸ ਦੀਆਂ ਖੋਜ ਵਿਧੀਆਂ ਦੀ ਵਰਤੋਂ ਕਰਦੇ ਹੋਏ ਤੱਥਾਂ ਭਰਪੂਰ ਜਾਣਕਾਰੀ ਪਾਠਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਨੇ ਇਸ ਪੁਸਤਕ ਵਿੱਚ ਪੁਰਾਣੇ ਅਤੇ ਨਵੇਂ ਤੱਥਾਂ ਨੂੰ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ ਜਿਸ ਨੂੰ ਆਮ ਪਾਠਕ ਵੀ ਚੰਗੇ ਤਰੀਕੇ ਨਾਲ ਸਮਝ ਸਕਦਾ ਹੈ। ਇਸ ਕਰਕੇ ਲੇਖਕ ਵਧਾਈ ਦਾ ਪਾਤਰ ਹੈ।

ਡਾ. ਅਮਨਦੀਪ ਕੌਰ
ਚੇਅਰਪਰਸਨ ਜੱਲਿਆ ਵਾਲਾ ਬਾਗ ਚੇਅਰ,
ਸਾਬਕਾ ਮੁੱਖੀ ਇਤਿਹਾਸ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ

ਐਚ. ਏ .ਰੋਜ਼. ਦੁਆਰਾ ਉਪਰ ਦਿਤੀ ਜਾਣਕਾਰੀ ਅਨੁਸਾਰ ਨਿਸ਼ਾਨੀਆਂ ਮਿਸਲ ਵਿਚ ਖੱਤਰੀ ਤੇ ਰੰਗਰੇਟੇ ਦੋਵੇਂ ਭਾਈਵਾਲ ਸਨ।

ਸੰਗਤ ਸਿੰਘ ਵੀ ਇਸ ਬਾਬਤ ਲਿਖਦਾ ਹੈ:-

"ਕਿ 'ਨਿਸ਼ਾਨੀਵਾਲ ਮਿਸਲ" ਵਿਚ ਲਤਾੜੀਆਂ ਜਾਤਾਂ ਵਿਚੋਂ ਆਏ ਸਿੱਖ ਸਨ,ਜੋ ਮੋਹਰਲੀਆਂ ਕਤਾਰਾਂ ਵਿਚ ਸਨ,ਉਤੇ ਮਾੜਾ ਅਸਰ ਪਿਆ। ਇਹ ਸਿੱਖ ਦਲ ਖਾਲਸਾ ਦੇ ਝੰਡਾ ਬਰਦਾਰ ਸਨ। ਪਰ ਆਪ ਸਿਆਸੀ ਹਕੂਮਤ ਸਥਾਪਤ ਕਰਨ ਵਿਚ ਅਸਫ਼ਲ ਰਹੇ।"[124]

ਇਸ ਤਰ੍ਹਾਂ ਭਾਵੇਂ ਐਚ. ਏ. ਰੋਜ਼. ਅਤੇ ਸੰਗਤ ਸਿੰਘ ਤੋਂ ਬਿਨਾ ,ਕਿਸੇ ਵੀ ਹੋਰ ਲੇਖਕ ਨੇ ,ਕਿਸੇ ਵੀ ਮਿਸਲ ਵਿਚ, ਰੰਗਰੇਟਿਆਂ ਅਤੇ ਰਵਿਦਾਸੀਆਂ ਦੀ ਸ਼ਮੂਲੀਅਤ ਦਾ ਜ਼ਿਕਰ ਨਹੀਂ ਕੀਤਾ । ਪਰ 'ਮਿਸਲ ਸ਼ਹੀਦਾਂ' ਜਿਸ ਦੀ ਅਗਵਾਈ ਬਾਬਾ ਦੀਪ ਸਿੰਘ

---

[124] ਸੰਗਤ ਸਿੰਘ ,**ਇਤਿਹਾਸ 'ਚ ਸਿੱਖ**, ਪੰਨਾ 121

ਕਰਦੇ ਸਨ, ਵਿਚ ਵੀ ਰੰਘਰੇਟਿਆ ਅਤੇ ਰਵਿਦਾਸੀਆਂ ਦੀ ਸ਼ਮੂਲੀਅਤ ਸੀ ਕਿਉਂਕਿ ਬਾਬਾ ਦੀਪ ਸਿੰਘ ਖੁਦ ਰੰਘਰੇਟਿਆ ਵਿੱਚੋਂ ਸਨ । ਇਹ ਗੱਲ ਉਚ ਜਾਤੀ ਦੇ ਲੇਖਕਾਂ ਵਲੋਂ ਜਾਣ ਬੁੱਝ ਬੁੱਝ ਕੇ ਪਾਠਕਾਂ ਦੇ ਸਨਮੁੱਖ ਪੇਸ਼ ਨਹੀਂ ਕੀਤੀ । (ਬਾਬਾ ਦੀਪ ਸਿੰਘ ਦਾ ਜੀਵਨ -ਬਿਉਰਾ ਅੱਗੇ ਦਿੱਤਾ ਜਾ ਰਿਹਾ ਹੈ)

ਬਾਬਾ ਦੀਪ ਸਿੰਘ: ਬਾਬਾ ਦੀਪ ਸਿੰਘ ਜੀ ਦਾ ਜਨਮ ਪਿੰਡ 'ਪਹੂਵਿੰਡ' ,ਵਿਖੇ 1682 ਈ: ਪਿਤਾ ਭਗਤਾ ਅਤੇ ਮਾਤਾ ਜਿਉਣੀ ਦੇ ਘਰ ਹੋਇਆ। ਕਈ ਲੇਖਕਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਸੰਧੂ ਜੱਟ ਲਿਖਿਆ ਹੈ ਪਰ ਸਵਰਨ ਸਿੰਘ ਆਈ.ਏ.ਐਸ, ਸਾਬਕਾ ਕਮਿਸ਼ਨਰ ਨੇ ਆਪਣੀ ਪੁਸਤਕ 'ਰੋਲ ਦਿੱਤਾ ਰੰਘਰੇਟਾ' 'ਅਤੇ ਨਰਿੰਜਨ ਆਰਫ਼ੀ ਨੇ ਆਪਣੀ ਪੁਸਤਕ 'ਰੰਘਰੇਟਿਆ ਦਾ ਇਤਿਹਾਸ', ਭਾਗ 2. ਵਿੱਚ ਇਹ ਸਿੱਧ ਕੀਤਾ ਹੈ ਕਿ ਬਾਬਾ ਦੀਪ ਮਜ਼ਬੀ ਸਿੱਖ ਸਨ। ਉਨ੍ਹਾਂ ਨੇ ਇਹ ਇਸ ਤੱਥ ਨਾਲ ਸਿੱਧ ਕੀਤਾ ਹੈ ਕਿ ਬਾਬਾ ਦੀਪ ਸਿੰਘ ਜੀ ਦਾ ਘਰ ਮਜ਼ਬੀ ਸਿੱਖਾਂ ਦੀ ਪੱਤੀ ਵਿੱਚ ਸਥਿੱਤ ਹੈ। ਲੇਖਕ ਨੇ ਖੁਦ ਵੀ ਇਹ ਸਥਾਨ ਵੇਖਿਆ ਹੈ ਜੋ ਮਜ਼ਬੀ ਸਿੱਖਾਂ ਦੀ ਪੱਤੀ ਵਿੱਚ ਸਥਿੱਤ ਹੈ ਜਿਥੇ ਮਜ਼ਬੀ ਸਿੱਖਾਂ ਦੇ ਘਰ ਬਣੇ ਹੋਏ ਹਨ। ਇਥੇ ਹੀ ਪੁਰਾਤਨ ਗੁਰਦੁਆਰਾ ਸਾਹਿਬ ਹੈ। ਇਥੇ ਕਈ ਸਾਲਾਂ ਤੋਂ ਜੋਤ ਜਗਦੀ ਰਹਿੰਦੀ ਸੀ। ਉਚੇਰੀ ਜਾਤ ਦੇ ਕੁਝ ਅਸਰ- ਰਸੂਖ ਰੱਖਣ ਵਾਲੇ ਲੋਕਾਂ ਨੇ ਜਿੱਥੇ ਬਾਬਾ ਦੀਪ ਸਿੰਘ ਜੀ ਦੇ ਇਤਿਹਾਸ ਨੂੰ ਬਦਲਿਆ ਉਥੇ ਨਵਾਂ ਗੁਰਦੁਆਰਾ ਸਾਹਿਬ ਬਣਾ ਕੇ ਇਨ੍ਹਾਂ ਦੇ ਅਸਲ ਸਥਾਨ ਨੂੰ ਵੀ ਬਦਲਣ ਦੀ ਕੋਸ਼ਿਸ਼ ਕੀਤੀ। ਪਰ ਸੱਚ ਕਦੇ ਨਹੀਂ ਛੁਪਦਾ ਉਹ ਸੱਚ ਹੀ ਰਹਿੰਦਾ ਹੈ।